**ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ**

(ਅਮਲਾ-2 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ
ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।

ਮੀਮੋ ਨੰ: 15/153-2018ਅ2(1)
ਮਿਤੀ: 3-1-2019

ਵਿਸ਼ਾ:- **ਐੱਸ.ਐੱਸ.ਏ./ਰਮਸਾ ਤੋਂ ਸਿੱਖਿਆ ਵਿਭਾਗ ਵਿੱਚ ਰੈਗੂਲਰ ਹੋਏ ਅਧਿਆਪਕਾਂ ਦੀਆਂ ਸਮੱਸਿਆਵਾਂ ਬਾਰੇ।**

ਹਵਾਲਾ:- ਉਪਰੋਕਤ ਵਿਸ਼ੇ ਸਬੰਧੀ ਡਾਇਰੈਕਟੋਰੇਟ ਦੇ ਹੁਕਮ ਨੰ: 15/153-2018ਅ2(1) ਮਿਤੀ 30.10.2018 ਦੀ ਨਿਰੰਤਰਤਾ ਵਿੱਚ।

ਐੱਸ.ਐੱਸ.ਏ./ਰਮਸਾ ਵਿੱਚੋਂ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਦੇ ਸਨਮੁੱਖ ਆਪਸ਼ਨ ਦੇਣ ਉਪਰੰਤ ਸਿੱਖਿਆ ਵਿਭਾਗ ਵਿੱਚ ਰੈਗੂਲਰ ਹੋਏ ਅਧਿਆਪਕਾਂ ਨੂੰ ਪੇਸ਼ ਆ ਰਾਹੀਆਂ ਮੁਸ਼ਕਿਲਾਂ ਸਬੰਧੀ ਉਪਰੋਕਤ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਪੈਰ੍ਹਾ ਨੰ: 7 ਵਿੱਚ ਸੋਧ ਕਰਦੇ ਹੋਏ ਹੇਠ ਲਿਖੇ ਅਨੁਸਾਰ ਸਪੱਸ਼ਟ ਕੀਤਾ ਜਾਂਦਾ ਹੈ:-

| ਲੜੀ ਨੰ: | ਮੰਗ | ਜੁਆਬ/ਸਪੱਸ਼ਟੀਕਰਨ |
|---|---|---|
| 1 | ਉਕਤ ਅਧਿਆਪਕਾਂ ਦੀ ਪੁਰਾਣੀ ਸਰਵਿਸ ਬੁੱਕ ਲਗਾਉਣ ਸਬੰਧੀ। | ਐੱਸ.ਐੱਸ.ਏ./ਰਮਸਾ ਅਧੀਨ ਚੱਲ ਰਹੀ ਸੇਵਾ ਪੱਤਰੀ ਵਿੱਚ ਹੀ ਰੈਗੂਲਰ ਦੇ ਹੁਕਮਾਂ ਨੂੰ ਚਿਪਕਾਉਣ ਉਪਰੰਤ ਲੋੜੀਂਦਾ ਇੰਦਰਾਜ ਕਰਦੇ ਹੋਏ ਸੇਵਾ ਪੱਤਰੀ ਨੂੰ ਜਾਰੀ ਰੱਖਿਆ ਜਾਵੇ। ਨਵੀਂ ਸੇਵਾ ਪੱਤਰੀ ਲਗਾਉਣ ਦੀ ਲੋੜ ਨਹੀਂ ਹੈ। |

ਇਸ ਤੋਂ ਇਲਾਵਾ ਬਾਕੀ ਹੇਠ ਲਿਖੇ ਨੁਕਤਿਆਂ ਬਾਰੇ ਨਿਮਨ ਲਿਖਤ ਅਨੁਸਾਰ ਸਪੱਸ਼ਟ ਕੀਤਾ ਜਾਂਦਾ ਹੈ:-

| ਲੜੀ ਨੰ: | ਮੰਗ | ਜੁਆਬ/ਸਪੱਸ਼ਟੀਕਰਨ |
|---|---|---|
| 1 | ਐੱਸ.ਐੱਸ.ਏ./ਰਮਸਾ ਤੋਂ ਰੈਗੂਲਰ ਹੋਏ ਅਧਿਆਪਕਾਂ ਦੇ ਪਰਖਕਾਲ ਸਮੇਂ ਦੌਰਾਨ ਮੈਡੀਕਲ ਰੀ-ਇੰਬਰਸਮੈਂਟ ਦੀ ਸੁਵਿਧਾ ਸਬੰਧੀ। | ਐੱਸ.ਐੱਸ.ਏ./ਰਮਸਾ ਤੋਂ ਸਿੱਖਿਆ ਵਿਭਾਗ ਵਿੱਚ ਰੈਗੂਲਰ ਹੋਏ ਅਧਿਆਪਕਾਂ ਤੇ ਪੰਜਾਬ ਸਿਵਲ ਸੇਵਾਵਾਂ ਵਿੱਚ ਦਰਜ ਰੂਲ ਅਤੇ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਲਾਗੂ ਹੋਣਗੀਆਂ। ਉਨ੍ਹਾਂ ਨੂੰ ਰੈਗੂਲਰ ਕਰਮਚਾਰੀਆਂ ਵਾਂਗ ਹਦਾਇਤਾਂ ਅਨੁਸਾਰ ਲਾਭ ਮਿਲਣਗੇ। |
| 2 | ਐੱਸ.ਐੱਸ.ਏ./ਰਮਸਾ ਤੋਂ ਜਿਹੜੇ ਰੈਗੂਲਰ ਹੋਏ ਅਧਿਆਪਕ ਸਿੱਖਿਆ ਵਿਭਾਗ ਵਿੱਚ ਆਏ, ਪ੍ਰੰਤੂ ਮੈਡੀਕਲ ਨਹੀਂ ਹੋਇਆ, ਉਨ੍ਹਾਂ ਦੇ ਮੈਡੀਕਲ ਕਰਾਉਣ ਬਾਰੇ। | ਐੱਸ.ਐੱਸ.ਏ./ਰਮਸਾ ਤੋਂ ਜਿਹੜੇ ਅਧਿਆਪਕ ਸਿੱਖਿਆ ਵਿਭਾਗ ਵਿੱਚ ਰੈਗੂਲਰ ਹੋ ਕੇ ਆਏ ਹਨ, ਪ੍ਰੰਤੂ ਉਨ੍ਹਾਂ ਦਾ ਮੈਡੀਕਲ ਨਹੀਂ ਹੋਇਆ, ਜਦੋਂ ਇਹ ਅਧਿਆਪਕ ਸਬੰਧਤ ਸਿਵਲ ਸਰਜਨ ਕੋਲ ਮੈਡੀਕਲ ਕਰਾਉਣ ਲਈ ਜਾਂਦੇ ਹਨ ਤਾਂ ਉਨ੍ਹਾਂ ਵੱਲੋਂ ਕਿਹਾ ਜਾਂਦਾ ਹੈ ਕਿ ਸਬੰਧਤ ਵਿਭਾਗ ਉਨ੍ਹਾਂ ਨੂੰ ਮੈਡੀਕਲ ਕਰਨ ਲਈ ਲਿਖੇ। ਇਸ ਲਈ ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰ ਇਨ੍ਹਾਂ ਅਧਿਆਪਕਾਂ ਦਾ ਮੈਡੀਕਲ ਕਰਾਉਣ ਲਈ ਆਪਣੇ ਪੱਧਰ ਤੇ ਸਬੰਧਤ ਸਿਵਲ ਸਰਜਨ ਨੂੰ ਲਿਖਣ। |

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.)
ਪੰਜਾਬ।

ਪਿੱਠ ਅੰਕਣ ਨੰ: ਉਕਤ

ਮਿਤੀ: 3-1-2019

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ ਸਕੂਲ ਸਿੱਖਿਆ ਵਿਭਾਗ, ਪੰਜਾਬ।
2. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.)
ਪੰਜਾਬ।